# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 05 ਅਪ੍ਰੈਲ 2024 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਆਗਾਮੀ ਚੋਣਾਂ ਵਿਚ ਬੀਸੀ ਯੂਨਾਈਟਿਡ ਨੇ ਡੇਵ ਸਿੱਧੂ ਨੂੰ ਐਬਸਫੋਰਡ ਵੈਸਟ ਲਈ ਉਮੀਦਵਾਰ ਐਲਾਨਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 5 ਅਪ੍ਰੈਲ : ਬੀਸੀ ਯੂਨਾਈਟਿਡ ਨੇ ਐਬਸਫੋਰਡ ਸਿਟੀ ਕੌਂਸਲ ਦੇ ਮੌਜੂਦਾ ਕੌਂਸਲਰ ਡੇਵ ਸਿੱਧੂ ਨੂੰ ਆਗਾਮੀ ਸੂਬਾਈ ਚੋਣਾਂ ਵਿੱਚ ਐਬਸਫੋਰਡ ਵੈਸਟ ਲਈ ਉਮੀਦਵਾਰ ਐਲਾਨਿਆ ਹੈ। ਇਹ ਐਲਾਨ ਕਰਦਿਆਂ ਬੀ ਸੀ ਯੂਨਾਈਟਿਡ ਦੇ ਪ੍ਰਧਾਨ ਕੇਵਿਨ ਫਾਲਕਨ ਨੇ ਕਿਹਾ ਕਿ ਡੇਵ ਸਿੱਧੂ ਕੋਲ ਆਪਣੇ ਭਾਈਚਾਰੇ ਦੀ ਅਗਵਾਈ ਕਰਨ ਦਾ ਸ਼ਾਨਦਾਰ ਰਿਕਾਰਡ ਹੈ। ਐਬਸਫੋਰਡ ਵੈਸਟ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਉਹ ਇਕ ਆਦਰਸ਼ ਉਮੀਦਵਾਰ ਹੈ। ਉਨ੍ਹਾਂ ਕਿਹਾ ਕਿ ਬੀਸੀ ਯੂਨਾਈਟਿਡ ਡੇਵ ਵਰਗੇ ਸਟਾਰ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰੇਗੀ, ਜੋ ਐਨਡੀਪੀ ਦੀਆਂ ਕਥਿਤ ਅਸਫਲ ਨੀਤੀਆਂ ਕਾਰਨ ਪੈਦਾ ਹੋਏ ਸਾਰੇ ਦਬਾਅ ਵਾਲੇ ਮੁੱਦਿਆਂ ਨੂੰ ਬਾਖੂਬੀ ਨਜਿੱਠਣਗੇ।



ਇਸ ਮੌਕੇ ਬੋਲਦਿਆਂ ਡੇਵ ਸਿੱਧੂ ਨੇ ਕਿਹਾ ਕਿ ਉਹ ਐਬਸਫੋਰਡ ਵੈਸਟ ਖੇਤਰ ਵਿਚ ਵਿਕਾਸ ਕਰਨ, ਰਿਹਾਇਸ਼ ਅਤੇ ਰਹਿਣ-ਸਹਿਣ ਦੀਆਂ ਸਮੱਸਿਆਵਾਂ ਹੱਲ ਕਰਨ, ਐਬਸਫੋਰਡ ਹਸਪਤਾਲ ਦੇ ਵਿਸਥਾਰ, ਟਰੱਕ ਡਰਾਈਵਰਾਂ ਲਈ ਪਾਰਕਿੰਗ ਦਾ ਹੱਲ ਲੱਭਣ, ਜੁਰਮ ਰੋਕਣ ਅਤੇ ਸਥਾਨਕ ਕਾਰੋਬਾਰੀਆਂ ਲਈ ਸਹਾਇਤਾ ਪ੍ਰਦਾਨ ਕਰਨ ਵਰਗੀਆਂ ਅਸਲ ਚੁਣੌਤੀਆਂ ਦੇ ਨਾਲ ਨਾਲ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਸਕੂਲੀ ਪੋਸ਼ਣ ਪ੍ਰੋਗਰਾਮਾਂ ਨੂੰ ਨਵਿਆਉਣ, ਵਪਾਰਕ ਖੇਤਰ ਨੂੰ ਵਧਾਉਣ ਅਤੇ ਨਾਜ਼ੁਕ ਖੇਤੀਬਾੜੀ ਸੈਕਟਰ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਵਾਹ ਲਾਉਣਗੇ।

ਜ਼ਿਕਰਯੋਗ ਹੈ ਕਿ ਐਬਸਫੋਰਡ ਵਿੱਚ ਜੰਮੇ ਪਲੇ ਡੇਵ ਸਿੱਧੂ ਵਿਚ ਭਾਈਚਾਰੇ ਦੀ ਸੇਵਾ ਕਰਨ ਦਾ ਅਥਾਹ ਜਜ਼ਬਾ ਹੈ। ਉਨ੍ਹਾਂ ਐਬਸਫੋਰਡ ਰੀਜਨਲ ਹਸਪਤਾਲ ਅਤੇ ਕੈਂਸਰ ਸੈਂਟਰ, ਐਬਸਫੋਰਡ ਪੁਲਿਸ ਫਾਊਂਡੇਸ਼ਨ, ਸਾਲਵੇਸ਼ਨ ਆਰਮੀ ਅਤੇ ਦਿ ਆਰਚਵੇ ਫੂਡ ਬੈਂਕ ਲਈ ਫੰਡ ਇਕੱਠਾ ਕਰਨ ਦੇ ਕਾਰਜ ਵਿਚ ਯੋਗ ਅਗਵਾਈ ਕੀਤੀ ਹੈ। ਕਮਿਊਨਿਟੀ ਸੇਵਾ ਲਈ ਉਨ੍ਹਾਂ ਨੂੰ ਰੋਟਰੀ ਇੰਟਰਨੈਸ਼ਨਲ ਕਲੱਬ ਤੋਂ ਵੱਕਾਰੀ ਪਾਲ ਹੈਰਿਸ ਫੈਲੋਸ਼ਿਪ ਮਾਨਤਾ ਸਮੇਤ ਕਈ ਸਨਮਾਨ ਹਾਸਲ ਹੋਏ ਹਨ। ਉਨ੍ਹਾਂ ਕੋਲ ਐਬਸਫੋਰਡ ਚੈਂਬਰ ਆਫ ਕਾਮਰਸ ਦੇ ਡਾਇਰੈਕਟਰ ਵਜੋਂ ਕੰਮ ਕਰਨ ਅਤੇ ਐਬਸਫੋਰਡ ਬਿਜ਼ਨਸ ਕਮਿਊਨਿਟੀ ਕੋਲੀਜ਼ਨ ਵਰਗੀਆਂ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਆਰਥਿਕ ਵਿਕਾਸ ਦਾ ਵਿਸ਼ਾਲ ਤਜਰਬਾ ਹੈ।


ਇਸ ਮੌਕੇ ਬੋਲਦਿਆਂ ਡੇਵ ਸਿੱਧੂ ਨੇ ਕਿਹਾ ਕਿ ਉਹ ਐਬਸਫੋਰਡ ਵੈਸਟ ਖੇਤਰ ਵਿਚ ਵਿਕਾਸ ਕਰਨ, ਰਿਹਾਇਸ਼ ਅਤੇ ਰਹਿਣ-ਸਹਿਣ ਦੀਆਂ ਸਮੱਸਿਆਵਾਂ ਹੱਲ ਕਰਨ, ਐਬਸਫੋਰਡ ਹਸਪਤਾਲ ਦੇ ਵਿਸਥਾਰ, ਟਰੱਕ ਡਰਾਈਵਰਾਂ ਲਈ ਪਾਰਕਿੰਗ ਦਾ ਹੱਲ ਲੱਭਣ, ਜੁਰਮ ਰੋਕਣ ਅਤੇ ਸਥਾਨਕ ਕਾਰੋਬਾਰੀਆਂ ਲਈ ਸਹਾਇਤਾ ਪ੍ਰਦਾਨ ਕਰਨ ਵਰਗੀਆਂ ਅਸਲ ਚੁਣੌਤੀਆਂ ਦੇ ਨਾਲ ਨਾਲ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਸਕੂਲੀ ਪੋਸ਼ਣ ਪ੍ਰੋਗਰਾਮਾਂ ਨੂੰ ਨਵਿਆਉਣ, ਵਪਾਰਕ ਖੇਤਰ ਨੂੰ ਵਧਾਉਣ ਅਤੇ ਨਾਜ਼ੁਕ ਖੇਤੀਬਾੜੀ ਸੈਕਟਰ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਵਾਹ ਲਾਉਣਗੇ।

ਜ਼ਿਕਰਯੋਗ ਹੈ ਕਿ ਐਬਸਫੋਰਡ ਵਿੱਚ ਜੰਮੇ ਪਲੇ ਡੇਵ ਸਿੱਧੂ ਵਿਚ ਭਾਈਚਾਰੇ ਦੀ ਸੇਵਾ ਕਰਨ ਦਾ ਅਥਾਹ ਜਜ਼ਬਾ ਹੈ। ਉਨ੍ਹਾਂ ਐਬਸਫੋਰਡ ਰੀਜਨਲ ਹਸਪਤਾਲ ਅਤੇ ਕੈਂਸਰ ਸੈਂਟਰ, ਐਬਸਫੋਰਡ ਪੁਲਿਸ ਫਾਊਂਡੇਸ਼ਨ, ਸਾਲਵੇਸ਼ਨ ਆਰਮੀ ਅਤੇ ਦਿ ਆਰਚਵੇ ਫੂਡ ਬੈਂਕ ਲਈ ਫੰਡ ਇਕੱਠਾ ਕਰਨ ਦੇ ਕਾਰਜ ਵਿਚ ਯੋਗ ਅਗਵਾਈ ਕੀਤੀ ਹੈ। ਕਮਿਊਨਿਟੀ ਸੇਵਾ ਲਈ ਉਨ੍ਹਾਂ ਨੂੰ ਰੋਟਰੀ ਇੰਟਰਨੈਸ਼ਨਲ ਕਲੱਬ ਤੋਂ ਵੱਕਾਰੀ ਪਾਲ ਹੈਰਿਸ ਫੈਲੋਸ਼ਿਪ ਮਾਨਤਾ ਸਮੇਤ ਕਈ ਸਨਮਾਨ ਹਾਸਲ ਹੋਏ ਹਨ। ਉਨ੍ਹਾਂ ਕੋਲ ਐਬਸਫੋਰਡ ਚੈਂਬਰ ਆਫ ਕਾਮਰਸ ਦੇ ਡਾਇਰੈਕਟਰ ਵਜੋਂ ਕੰਮ ਕਰਨ ਅਤੇ ਐਬਸਫੋਰਡ ਬਿਜ਼ਨਸ ਕਮਿਊਨਿਟੀ ਕੋਲੀਜ਼ਨ ਵਰਗੀਆਂ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਆਰਥਿਕ ਵਿਕਾਸ ਦਾ ਵਿਸ਼ਾਲ ਤਜਰਬਾ ਹੈ।
ਚ ਨਾਲ ਜੁੜ ਕੇ ਅਨੇਕਾਂ ਲੋਕਾਂ ਦਾ ਜੀਵਨ ਬਦਲ ਗਿਆ ਹੈ। ਦਸਾਂ ਗੁਰੂਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਰੂਪ ਵਿੱਚ ਸਾਡੇ ਗੁਰੂ ਹਨ ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ ਤੋਂ ਉੱਪਰ ਸਾਡੇ ਲਈ ਕੁਝ ਵੀ ਨਹੀਂ ਇਸ ਲਈ ਸਾਰੇ ਪ੍ਰਾਣੀ ਗੁਰਬਾਣੀ ਦੇ ਨਾਲ ਜੁੜੋ ਗੁਰਬਾਣੀ ਦੇ ਸ਼ਬਦ ਉੱਤੇ ਪਹਿਰਾ ਦੇ ਕੇ ਆਪਣਾ ਬਤੀਤ ਕਰੋ। ਕਿਸੇ ਵੀ ਇਨਸਾਨ ਨੂੰ ਕੋਈ ਦੁੱਖ ਤਕਲੀਫ ਨਹੀਂ ਆਵੇਗੀ। ਭਾਈ ਸਾਹਿਬ ਨੇ ਇਸ ਸਮਾਗਮ ਦੀ ਸ਼ੁਰੂਆਤ ਵਿੱਚ ਸ੍ਰੀ ਗੁਰੂ ਗ੍ਰੰਥ ਵਿੱਚੋਂ ਸ਼ਬਦ ਗੁਰੂ ਕੀ ਦੇਖ ਵਡਾਈ. ਨਾਲ ਕੀਤੀ। ਗੁਰੂ ਇਤਿਹਾਸ ਗੁਰਬਾਣੀ ਦੀਆਂ ਵਿਚਾਰਾਂ ਕੀਤੀਆਂ।
ਭਾਈ ਰਣਜੀਤ ਸਿੰਘ ਢੰਡਰੀਆਂ ਵਾਲੇ ਅੱਜ ਸਮਰਾਲਾ ਦੇ ਵਿੱਚ ਆਈ ਟੀ ਆਈ ਨਜ਼ਦੀਕ ਸਤਬੀਰ ਸਿੰਘ ਸੇਖੋਂ ਦੀ ਪੁੱਤਰੀ ਸਰਬਤ ਦੇ ਜਨਮ ਦਿਨ ਮੌਕੇ ਆਖੰਡ ਪਾਠ ਭੋਗ ਦੇ ਧਾਰਮਿਕ ਸਮਾਗਮ ਵਿੱਚ ਪੁੱਜੇ ਸਨ। ਇਸ ਸਮਾਗਮ ਦੇ ਵਿੱਚ ਸ਼ਹਿਰ ਵਾਸੀਆਂ ਤੋਂ ਬਿਨਾਂ ਰਿਸ਼ਤੇਦਾਰ ਮਿੱਤਰ ਰਾਜਨੀਤਿਕ ਧਾਰਮਿਕ ਪਾਰਟੀਆਂ ਦੇ ਆਗੂ ਮੈਂਬਰ ਤੇ ਹੋਰ ਸ਼ਖਸ਼ੀਅਤਾਂ ਪੁੱਜੀਆਂ।

## ਪੁਰਾਣੇ ਜੇਬੀਟੀ ਸਾਥੀਆਂ ਨੇ 42 ਸਾਲਾਂ ਬਾਅਦ ਇਕੱਤਰਤਾ ਕੀਤੀ

ਵਰਲਡ ਪੰਜਾਬੀ ਟਾਈਮਜ਼ ਸੁਰਿੰਦਰ ਪਾਲ ਉਪਲੀ

ਸੰਗਰੂਰ 5 ਅਪਰੈਲ : ਰਿਟਾਇਰਡ ਡਿਪਟੀ ਡੀਈਓ ਹਰਜੀਤ ਕੁਮਾਰ ਸ਼ਰਮਾ , ਲੈਕਚਰਾਰ ਸਰਬਜੀਤ ਸਿੰਘ,ਐਸ ਡੀ ਓ ਬੀਐਸਐਨਐਲ ਸੁਰਿੰਦਰ ਪਾਲ ਉਪਲੀ , ਹਰਮਿੰਦਰ ਸਿੰਘ ਗਰੇਵਾਲ ਦੀ ਅਗਵਾਈ ਵਿੱਚ 1979-81,1980-82 ਦੇ ਲੌਂਗੋਵਾਲ ਸਕੂਲ ਦੇ ਜੇ ਬੀ ਟੀ ਟਰੇਨੀ ਸਾਥੀ, ਜਿਹੜੇ ਹੁਣ ਵੱਖ ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋ ਚੁੱਕੇ ਹਨ, ਨੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕਰਨ ਦੀ ਇੱਛਾ ਨਾਲ ਇਕੱਤਰਤਾ ਕੀਤੀ।ਇਸ ਮੌਕੇ ਉਹਨਾਂ ਇਕੱਠੇ ਹੋ ਕੇ ਦੁਪਹਿਰ ਦਾ ਖਾਣਾ ਖਾਓ ਪੀਓ ਰੈਸਟੋਰੈਂਟ ਕੋਰਟ ਰੋਡ ਸੰਗਰੂਰ ਵਿਖੇ ਕੀਤਾ ਅਤੇ ਆਪਣੇ ਪਰਿਵਾਰਾਂ ਬਾਰੇ ਇੱਕ ਦੂਜੇ ਨਾਲ ਵਿਚਾਰਾਂ ਸਾਂਝੀਆਂ



ਕੀਤੀਆਂ।ਇਸ ਮੌਕੇ ਲਾਭ ਸਿੰਘ ਰਿਟਾਇਰਡ ਬੀ ਪੀ ਈ ਓ,ਜਾਗਰ ਸਿੰਘ ਖਡਿਆਲ, ਮੱਘਰ ਸਿੰਘ ਮਾਣਕੀ, ਕਰਨੈਲ ਸਿੰਘ ਰਾਜਗੜ੍ਹ, ਮਹਿੰਦਰ ਸਿੰਘ ਰਟੌਲ ਪੋਸਟ ਮਾਸਟਰ , ਦਰਸ਼ਨ ਸਿੰਘ ਚੱਠਾ,ਹਰਦਿੱਤ ਸਿੰਘ ਬਰਨਾਲਾ , ਬੰਤਾ ਸਿੰਘ ਕੈਂਪਰ, ਰਣਧੀਰ ਸਿੰਘ ਸਕਰੌਦੀ,ਸੰਤ ਸਿੰਘ ਘੱਗਾ ਨੇ ਸ਼ਮੂਲੀਅਤ ਕੀਤੀ।ਇਸ ਇਕੱਤਰਤਾ ਵਿੱਚ ਸੰਤ ਸੁਖਵਿੰਦਰ ਸਿੰਘ ਟਿੱਬੇ ਵਾਲੇ ਨੂੰ 2 ਮਿੰਟ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਮਾਸਟਰ ਦਰਸ਼ਨ ਸਿੰਘ ਮਾਂਗੂੰ ਓਸੋ ਨੇ ਮੋਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਜੋ ਕਿ ਪ੍ਰਸੰਸਾ ਦਾਇਕ ਸੀ। ਸਾਰੇ ਸਾਥੀਆਂ ਨੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਜੀਵਨ ਨੂੰ ਚਿੰਤਾ ਰਹਿਤ ਜਿਉਣ ਲਈ ਸੁਝਾਅ ਦਿੱਤੇ ਗਏ। ਬੱਚਿਆਂ ਨੂੰ ਆਪਣੀ ਜ਼ਿੰਦਗੀ ਆਪਣੇ ਅਨੁਸਾਰ ਜੀਣ ਦੀ ਅਜ਼ਾਦੀ ਦੇਣੀ ਚਾਹੀਦੀ ਹੈ। ਸੁਰਿੰਦਰ ਪਾਲ ਐਸ ਡੀ ਓ ਵੱਲੋਂ ਸੁਝਾਅ ਦਿੱਤਾ ਗਿਆ ਕਿ ਮਰਨ ਉਪਰੰਤ ਸਰੀਰਦਾਨ ਕਰਨ ਦਾ ਫਾਰਮ ਭਰਿਆ ਜਾਵੇ ਕਿਉਂਕਿ ਉਸ ਤੋਂ ਬਾਅਦ ਸਰੀਰ ਅੱਗ ਵਿੱਚ ਸੜਕੇ ਰਾਖ ਹੋ ਜਾਂਦਾ ਹੈ, ਕਿਉਂ ਨਾ ਉਸ ਨੂੰ ਮਨੁੱਖਤਾ ਦੇ ਲੇਖੇ ਲਗਾਉਣਾ ਚਾਹੀਦਾ ਹੈ। ਇੱਕ ਸਰੀਰ ਤੋਂ 22 ਵਿਦਿਆਰਥੀ ਟ੍ਰੇਨਿੰਗ ਲੈਕੇ ਡਾਕਟਰ ਬਣਦੇ ਹਨ ਜੀ।ਉਹਨਾਂ ਨੇ ਖੂਨਦਾਨ ਦੇ ਨਾਲ-ਨਾਲ ਖੂਨਦਾਨ/ ਮੌਤ ਤੋਂ ਬਾਅਦ ਅੱਖਾਂ ਦਾਨ ਵਰਗੇ ਸਮਾਜਿਕ ਕੰਮਾਂ 'ਤੇ ਵੀ ਜ਼ੋਰ ਦਿੱਤਾ। ਬੰਤਾ ਸਿੰਘ ਨੇ ਬੁਢਾਪੇ ਵਿੱਚ ਜੀਵਨ ਸਾਥੀ ਦੀ ਭੂਮਿਕਾ ਅਤੇ ਮਹੱਤਵ ਬਾਰੇ ਦੱਸਿਆ ।ਮੱਘਰ ਸਿੰਘ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਅਜਿਹੀਆਂ ਹੋਰ ਮੀਟਿੰਗਾਂ ਕਰਨ ਅਤੇ ਬੁਢਾਪੇ ਦੀ ਜੀਵਨ ਸ਼ੈਲੀ ਨੂੰ ਬਦਲਣ ਲਈ ਬੇਨਤੀ ਕੀਤੀ ਕਿ ਉਹ ਫਿਕਸਡ ਡਿਪਾਜ਼ਿਟ ਦੁਆਰਾ ਜ਼ਿਆਦਾ ਬੱਚਤ ਕਰਨ ਦੀ ਬਜਾਏ ਚੰਗੀ ਸਿਹਤ ਦੀ ਸਾਂਭ-ਸੰਭਾਲ ਲਈ ਵਧੇਰੇ ਖਰਚ ਕਰ ਸਾਥੀਆਂ ਮਿਲਣੀ ਬਹੁਤ ਹੀ ਸਾਰਥਕ ਹੋ ਨਿਬੜੀ।

## ਵੈਨਕੂਵਰ ਵਿਚਾਰ ਮੰਚ ਵੱਲੋਂ ਜਗਜੀਤ ਸੰਧੂ ਦੇ ਕਾਵਿ-ਸੰਗ੍ਰਹਿ 'ਤਾਪਸੀ' ਉੱਪਰ ਵਿਚਾਰ ਗੋਸ਼ਟੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 5 ਅਪ੍ਰੈਲ : ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪੰਜਾਬੀ ਸ਼ਾਇਰ ਜਗਜੀਤ ਸੰਧੂ ਦੀ ਪੁਸਤਕ 'ਤਾਪਸੀ' ਉੱਪਰ ਵਿਚਾਰ ਗੋਸ਼ਟੀ ਕਰਵਾਈ ਗਈ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਵਿਹੜੇ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਵੱਖ-ਵੱਖ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਇਸ ਪੁਸਤਕ ਉਪਰ ਚਰਚਾ ਕੀਤੀ। ਸਮਾਗਮ ਦੀ ਪ੍ਰਧਾਨਗੀ



ਜਗਜੀਤ ਸੰਧੂ, ਡਾ. ਹਰਜੋਤ ਕੌਰ ਖਹਿਰਾ ਅਤੇ ਜਸ਼ਨਪ੍ਰੀਤ ਕੌਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਮੋਹਨ ਗਿੱਲ ਨੇ ਸਮਾਗਮ ਦੀ ਰੂਪਰੇਖਾ ਅਤੇ ਤਾਪਸੀ ਦੇ ਲੇਖਕ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਪੁਸਤਕ ਉੱਪਰ ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਵੱਲੋਂ ਪੜ੍ਹਿਆ ਗਿਆ। ਡਾ. ਖਹਿਰਾ ਨੇ ਕਿਹਾ ਕਿ ਇਸ ਪੁਸਤਕ ਵਿਚਲੀ ਸਾਰੀ ਕਵਿਤਾ ਸਮਾਜ ਦੇ ਦੋਹਾਂ ਧੁਰਿਆਂ (ਔਰਤ ਅਤੇ ਮਰਦ) ਉੱਪਰ ਅਧਾਰਿਤ ਹੈ। ਇਸ ਵਿਚ ਇੱਕ ਪਾਸੜ ਨਹੀਂ, ਦੋਵੇਂ ਹੀ ਕਿਰਦਾਰਾਂ ਦੀਆਂ ਪ੍ਰਸਥਿਤੀਆਂ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਦੇ ਸਾਰੇ ਸਿਰਲੇਖ ਸੰਵਾਦ ਕਰਦੇ ਹਨ। ਬਹੁਤੀਆਂ ਕਵਿਤਾਵਾਂ ਪਤੀ ਪਤਨੀ ਦੇ ਸਰੀਰਕ ਸੰਬੰਧਾਂ ਨੂੰ ਬਿਆਨ ਕਰਦੀਆਂ ਹਨ ਪਰ ਇਨ੍ਹਾਂ ਵਿਚ ਜ਼ਿਆਦਾਤਰ ਸੈਕਸ ਸ਼ੋਸ਼ਣ ਵਧੇਰੇ ਨਜ਼ਰ ਆਉਂਦਾ ਹੈ। ਇਹ ਕਾਵਿ ਸੰਗ੍ਰਹਿ ਸੁਪਨਾ, ਹਕੀਕਤ ਅਤੇ ਸਮਾਜ ਦੇ ਆਲੇ ਦੁਆਲੇ ਘੁੰਮਦਾ ਹੈ।

ਜਸ਼ਨਪ੍ਰੀਤ ਕੌਰ ਵੱਲੋਂ ਪੇਸ਼ ਕੀਤੇ ਗਏ ਦੂਜੇ ਪਰਚੇ ਵਿੱਚ ਉਹਨਾਂ ਕਿਹਾ ਕਿ ਇਹ ਕਵਿਤਾਵਾਂ ਔਰਤ ਦੀ ਜਿਸਮੀ ਖੂਬਸੂਰਤੀ ਨਾਲੋਂ ਔਰਤ ਦੇ ਬੌਧਿਕ ਪੱਖ ਦੀ ਵਧੇਰੇ ਗੱਲ ਕਰਦੀਆਂ ਹਨ ਜੋ ਕਿ ਬਹੁਤ ਵਧੀਆ ਗੱਲ ਹੈ। ਕੁਝ ਕਵਿਤਾਵਾਂ ਵਿੱਚ ਆਦਮੀ ਦੇ ਨਜ਼ਰੀਏ ਤੋਂ ਲਿਖੀ ਗਈ ਨਾਰੀਵਾਦੀ ਕਵਿਤਾ ਬਹੁਤ ਡੂੰਘਾਈ ਤੇ ਮਨੋਵਿਗਿਆਨਕ ਸੂਝ ਬੂਝ ਨਾਲ ਪੇਸ਼ ਕੀਤੀ ਗਈ ਹੈ। ਉਹਨਾਂ ਇਹ ਵੀ ਕਿਹਾ ਕਿ ਔਰਤ ਨੂੰ ਮੁੱਖ ਰੱਖ ਕੇ ਕਵਿਤਾ ਲਿਖਣ ਵੇਲੇ ਔਰਤ ਨੂੰ ਆਦਮੀ ਤੋਂ ਆਜ਼ਾਦ ਕਰਕੇ ਵੇਖਣਾ ਦੀ ਲੋੜ ਹੈ ਕਿ ਉਸ ਦੀ ਆਪਣੀ ਕੀ ਸਥਿਤੀ ਹੈ, ਉਹ ਕਿੱਥੇ ਖੜ੍ਹੀ ਹੈ ਤੇ ਉਹਦਾ ਕੀ ਮੰਤਵ ਹੈ ਅਤੇ ਅਜਿਹੇ ਕੁਝ ਸ਼ਬਦਾਂ ਅਤੇ ਆਦਤਾਂ ਤੋਂ ਬਚਣਾ ਚਾਹੀਦਾ ਹੈ ਜੋ ਆਦਮੀ ਤੇ ਔਰਤ ਵਿਚਕਾਰ ਪਾੜਾ ਵਧਾ ਰਹੇ ਹਨ।

ਤੀਜਾ ਪਰਚਾ ਕੈਲਗਰੀ ਤੋਂ ਸਰਬਜੀਤ ਕੌਰ ਜਵੰਦਾ ਦਾ ਲਿਖਿਆ ਹੋਇਆ ਸੀ ਜਿਸ ਨੂੰ ਜਗਜੀਤ ਸੰਧੂ ਨੇ ਹੀ ਪੜ੍ਹ ਕੇ ਸੁਣਾਇਆ। ਸਰਬਜੀਤ ਕੌਰ ਜਵੰਦਾ ਦਾ ਕਹਿਣਾ ਸੀ ਕਿ ਇਸ ਪੁਸਤਕ ਵਿੱਚ ਵਿਚਲੀਆਂ ਕਵਿਤਾਵਾਂ ਆਪਣਾ ਨਿਵੇਕਲਾ ਭਾਸ਼ਾ ਵਿਆਕਰਨ ਉਸਾਰਦੀਆਂ ਹਨ। ਇਹ ਸਾਰੀਆਂ ਕਵਿਤਾਵਾਂ ਬੇਹੱਦ ਸੂਖ਼ਮ ਭਾਵਾਂ ਦੀ ਸ਼ਬਦਾਂ ਰਾਹੀਂ ਸਹਿਜ ਪੇਸ਼ਕਾਰੀ ਕਰਦੀਆਂ ਹਨ। ਇਹਨਾਂ ਕਵਿਤਾਵਾਂ ਰਾਹੀਂ 'ਤਾਪਸੀ' ਦੇ ਤਾਪ ਦਾ ਅਹਿਸਾਸ ਕਰਨ ਲਈ ਤੁਹਾਨੂੰ ਔਰਤ ਹੋਣਾ ਪਵੇਗਾ।

ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਜਗਜੀਤ ਸੰਧੂ ਦੀ ਕਵਿਤਾ ਪੰਜਾਬੀ ਕਵਿਤਾ ਨਾਲੋਂ ਬਿਲਕੁਲ ਹਟਵੀਂ ਹੈ। ਇਸ ਨੂੰ ਵਿਆਖਿਆ ਦੀ ਲੋੜ ਨਹੀਂ ਸਗੋਂ ਇਹ ਕਵਿਤਾ ਵਿਚਾਰਨ ਅਤੇ ਮਾਨਣ ਵਾਲੀ ਹੈ। ਸਵਰਨਜੀਤ ਸਵੀ ਵੱਲੋਂ ਇਸ ਪੁਸਤਕ ਵਿੱਚ ਕੀਤੀ ਗਈ ਚਿੱਤਰਕਾਰੀ ਵੀ ਬਹੁਤ ਕਮਾਲ ਦੀ ਹੈ। ਪੁਸਤਕ ਉੱਪਰ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਅਤੇ ਸੁਰਜੀਤ ਕਲਸੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੀਨੂ ਬਾਬਾ ਨੇ ਪੁਸਤਕ ਵਿਚਲੇ ਇੱਕ ਗੀਤ ਨੂੰ ਆਪਣੀ ਸੁਰੀਲੀ ਆਵਾਜ਼ ਰਾਹੀਂ ਪੇਸ਼ ਕੀਤਾ। ਅੰਤ ਵਿੱਚ ਸਟੇਜ ਸੰਚਾਲਨ ਕਰ ਰਹੇ ਮੰਚ ਦੇ ਸਕੱਤਰ ਮੋਹਨ ਗਿੱਲ ਨੇ ਸਾਰੇ ਵਿਦਵਾਨਾਂ ਅਤੇ ਸਮਾਗਮ ਵਿੱਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

## 'ਸਰਬੱਤ ਦਾ ਭਲਾ' ਟਰੱਸਟ ਨੇ ਲੋੜਵੰਦਾਂ ਲਈ ਤਿੰਨ ਨਵੇਂ ਘਰਾਂ ਦਾ ਨੀਂਹ-ਪੱਥਰ ਰੱਖਿਆ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਰੋਪੜ, 05 ਅਪ੍ਰੈਲ : ਡਾ. ਐੱਸ.ਪੀ. ਸਿੰਘ ਓਬਰਾਏ ਦੁਆਰਾ ਸੰਚਾਲਿਤ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਵੱਲੋਂ ਲੋੜਵੰਦ ਪਰਿਵਾਰਾਂ ਲਈ ਤਿੰਨ ਨਵੇਂ ਮਕਾਨਾਂ ਦਾ ਨੀਂਹ ਪੱਥਰ ਰੱਖਿਆ ਗਿਆ। ਜ਼ਿਲ੍ਹਾ ਪ੍ਰਧਾਨ ਜੇ.ਕੇ. ਜੱਗੀ ਨੇ ਦੱਸਿਆ ਕਿ ਹੁਣ ਤੱਕ ਅੱਠ ਮਕਾਨ ਤਿਆਰ ਕਰਕੇ ਪਰਿਵਾਰਾਂ ਨੂੰ ਸੌਂਪ ਦਿੱਤੇ ਗਏ ਹਨ। ਅੱਜ ਰਾਸ਼ਟਰੀ ਪ੍ਰਧਾਨ ਜੱਸਾ ਸਿੰਘ ਅਤੇ ਡਾ. ਰਜਿੰਦਰ ਸਿੰਘ ਅਟਵਾਲ ਡਾਇਰੈਕਟਰ ਹੈਲਥ ਟਰੱਸਟ ਦੀ ਉਚੇਚੀ ਹਾਜਰੀ ਵਿੱਚ ਕੁਲਦੀਪ ਸਿੰਘ ਬੈਰਾਮਪੁਰ, ਅਵਤਾਰ ਸਿੰਘ ਬਹਿਰਾਮਪੁਰ ਅਤੇ ਬਲਵਿੰਦਰ ਸਿੰਘ ਬੈਰਾਮਪੁਰ ਲਈ ਉਸਾਰੀ ਆਰੰਭ ਕਰ ਦਿੱਤੀ ਗਈ ਹੈ। ਇਨ੍ਹਾਂ ਦੇ ਨਾਲ ਹੀ ਸ਼ੀਤਲ ਜੱਗੀ ਰੋਪੜ ਅਤੇ ਪ੍ਰੀਤਮ ਕੌਰ ਹੁਸੈਨਪੁਰ ਦਿਆਂ ਮਕਾਨਾਂ ਦਾ ਨਿਰਮਾਣ ਚੱਲ ਰਿਹਾ ਹੈ। ਜਿਕਰਯੋਗ ਹੈ ਕਿ ਸੰਸਥਾ ਵੱਲੋਂ 278 ਪਰਿਵਾਰਾਂ ਨੂੰ ਮਹੀਨਾਵਾਰ ਪੈਨਸ਼ਨ, ਬੱਚੀਆਂ ਲਈ ਸਿਲਾਈ-ਕਢਾਈ ਸੈਂਟਰ, ਖੂਨ ਜਾਂਚ ਕੇਂਦਰ ਆਦਿ ਜਿਹੀਆਂ ਮੁਫ਼ਤ ਸੇਵਾਵਾਂ ਵੀ ਬਾਦਸਤੂਰ ਜਾਰੀ ਹਨ। ਇਸ ਮੌਕੇ ਪਿੰਡ ਦੇ ਸਰਪੰਚ ,ਪੰਚ, ਵਾਸੀ, ਅਸ਼ਵਨੀ ਖੰਨਾ, ਮਦਨ ਗੁਪਤਾ, ਇੰਦਰਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸੈਂਟ ਮੇਰੀਜ਼ ਕੌਨਵੈਂਟ ਸਕੂਲ ਫ਼ਰੀਦਕੋਟ ਵਿਖੇ ਨਵੀਂ ਸਟੂਡੈਂਟ ਕਾਊਂਸਿਲ ਦਾ ਕੀਤਾ ਗਿਆ ਗਠਨ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 5 ਅਪ੍ਰੈਲ : ਸੈਂਟ ਮੇਰੀਜ਼ ਕੌਨਵੈਂਟ ਸਕੂਲ ਫ਼ਰੀਦਕੋਟ ਵਿਖੇ ਨਵੀਂ ਸਟੂਡੈਂਟ ਕਾਊਂਸਿਲ ਦਾ ਗਠਨ ਕੀਤਾ ਗਿਆ। ਇਸ ਮੌਕੇ ਤੇ ਅਹਸਾਸ ਯਾਦਵ ਨੇ ਹੈਡ ਬੌਇ ਅਤੇ ਹੁਨਰਪ੍ਰੀਤ ਕੌਰ ਨੇ ਹੈਡ ਗਰਲ ਦਾ ਅਹੁਦਾ ਸੰਭਾਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਫਾਦਰ ਸੰਨੀ ਜੋਸਫ ਨੇ ਨਵੇ ਚੁਣੇ ਅਹੁਦੇਦਾਰਾਂ ਨੂੰ ਸਹੁੰ ਚੁਕਾਈ ਅਤੇ ਪੁਰਾਣੀ ਸਟੂਡੈਂਟ ਕਾਊਂਸਿਲ ਦਾ ਧੰਨਵਾਦ ਕੀਤਾ। ਪ੍ਰਿੰਸੀਪਲ ਨੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਹਮੇਸ਼ਾਂ ਮਦਦਗਾਰ ਹੋਣ ਲਈ ਕਿਹਾ ਅਤੇ ਪੁਰਾਣੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਪੁਰਾਣੀ ਸਕੂਲ ਕਾਊਂਸਿਲ ਦੀ ਹੈਡ ਗਰਲ ਜਸਲੀਨ ਕੌਰ ਅਤੇ ਹੈਡ ਬੌਇ ਵੰਸ਼ ਗਰਗ ਅਤੇ ਸਮੂਹ ਟੀਮ ਨੂੰ ਹਮੇਸ਼ਾਂ ਚੰਗੇ ਰਾਹ ਤੇ ਚੱਲ ਕੇ ਨਵੀਆਂ ਉਚਾਈਆਂ ਹਾਸਿਲ ਕਰਨ ਨੂੰ ਕਿਹਾ। ਨਵੀ ਸਕੂਲ ਕਾਊਂਸਿਲ ਦੇ ਹੋਰ ਮੈਂਬਰ ਹਨ , ਸਪੋਰਟਸ ਕਪਤਾਨ ਹਰਸੀਰਤ ਕੌਰ ਅਤੇ ਨੰਦਿਸ਼ ਅਰੋੜਾ, ਸਟੇਜ ਕਪਤਾਨ ਵੇਦਾਂਸ਼ ਗੁਪਤਾ ਅਤੇ ਅਭੈ , ਡਾਨ ਬੋਸਕੋ ਹਾਊਸ ਦੇ ਆਰਿਅਨ ਸਿੰਘ ਬਰਾੜ, ਮਾਧਵ ਗਰਗ, ਸ਼ੁਭਰੀਤ ਕੌਰ ਢਿੱਲੋ ਅਤੇ ਦਰਸ਼ਪ੍ਰੀਤ ਕੌਰ , ਫਲਾਵਰਾਇਟ ਹਾਊਸ ਦੇ ਅਗਰਿਮ ਸਚਦੇਵਾ, ਅਗਮਪ੍ਰੀਤ ਸਿੰਘ ਭੁੱਲਰ ,ਭਾਵਨਾ ਅਤੇ ਰੂਪਨੀਤ ਕੌਰ, ਜੋਸਫਾਇਨ ਹਾਊਸ ਤੋ ਏਕਨੂਰ ਸਿੰਘ, ਸ਼ਿਵਮ ਸ਼ਰਮਾ, ਜੈਨਟ ਜੋਨ ਅਤੇ ਨਿਮਰਤ ਕੌਰ ,ਟੈਰੇਸਿਅਨ ਹਾਊਸ ਦੇ ਹਰਮਨਜੀਤ ਸਿੰਘ ਗਿੱਲ, ਰਣਬੀਰ ਸਿੰਘ ਅਟਵਾਲ ,ਨਵੀਸ਼ਾ ਛਾਬੜਾ ਅਤੇ ਸਮਰੀਤ ਕੌਰ ਬਰਾੜ ।